202322700

**ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ

ਚੌਥੀ ਮੰਜਿਲ, ਐਸ.ਏ.ਐਸ. ਨਗਰ

(ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)

ਪੰਜਾਬ।

ਮੀਮੋ ਨੰ. ਈ- 817012 -2024 ਸੈਸਿ (3)/2025224475

ਮਿਤੀ ਸ.ਅ.ਸ. ਨਗਰ 24/1/2025

ਵਿਸ਼ਾ :- ਸਾਲ 2024-25 ਦੌਰਾਨ ਸਕੂਲਾਂ ਵਿੱਚ ਪਸ਼ੂ ਪਾਲਣ ਸਬੰਧੀ ਜਾਗਰੂਕਤਾ ਲੈਕਚਰ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ ਦੇ ਪੱਤਰ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਰਾਜ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾ ਵਿੱਚ ਪਸ਼ੂ ਪਾਲਣ ਨੂੰ ਉਤਸਾਹਿਤ ਕਰਨ ਲਈ ਅਤੇ ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਦੇ ਇਲਾਜ ਅਤੇ ਬਚਾਅ ਸਬੰਧੀ ਉਹਨਾਂ ਦੇ ਸਬੰਧਤ ਅਧਿਕਾਰੀ ਵੱਲੋਂ ਸਵੇਰ ਦੀ ਸਭਾ ਵਿੱਚ 15 ਮਿੰਟ ਦਾ ਸਮਾਂ ਲੈਕਚਰ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਸਬੰਧੀ ਇਹ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ।

ਸਹਾਇਕ ਡਾਇਰੈਕਟਰ (ਸੈਸਿ)

ਪਿੱਠ ਅੰਕਣ ਨੰਬਰ ਉਕਤ

ਮਿਤੀ ਸ.ਅ.ਸ. ਨਗਰ 24/1/2025

ਉਪੋਰਕਤ ਦਾ ਉਤਾਰਾ ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ, ਪਸ਼ੂਧਨ ਭਵਨ, ਸੈਕਟਰ-68, ਸ਼ਾਹਿਬਜ਼ਾਦਾ ਅਜੀਤ ਸਿੰਘ ਨਗਰ, 160062 (ਐਕਸਟੈਂਸ਼ਨ ਸਰਵਿਸਜ਼ ਸ਼ਾਖਾ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਸੈਸਿ)

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2025/ 1314 ਮਿਤੀ: 29.01.25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।

# ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ

ਪਸ਼ੂਧਨ ਭਵਨ, ਸੈਕਟਰ-68, ਸਾਹਿਬਜ਼ਾਦਾ ਅਜੀਤ ਸਿੰਘ ਨਗਰ, 160062
(ਐਕਸਟੈਂਸ਼ਨ ਸਰਵਿਸਜ਼ ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਕੂਲ ਸਿੱਖਿਆ ਵਿਭਾਗ, ਪੰਜਾਬ।

17/12/24
ADSE

ਨੰਬਰ:ਈ.ਐਕਸ.ਟੀ.-1/ 7094 ਮਿਤੀ: 16-12-2024

ਵਿਸ਼ਾ:- ਸਾਲ 2024-25 ਦੌਰਾਨ ਸਕੂਲਾਂ ਵਿੱਚ ਪਸ਼ੂ ਪਾਲਣ ਸਬੰਧੀ ਜਾਗਰੂਕਤਾ ਲੈਕਚਰ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਇਸ ਵਿਭਾਗ ਵੱਲੋਂ ਸਮੇਂ-ਸਮੇਂ ਸਿਰ ਸਕੂਲੀ ਵਿਦਿਆਰਥੀਆਂ ਵਿੱਚ ਪਸ਼ੂ ਪਾਲਣ ਕਿੱਤੇ ਨੂੰ ਉਤਸ਼ਾਹਿਤ ਕਰਨ ਲਈ ਅਤੇ ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਉਹਨਾਂ ਦੇ ਇਲਾਜ ਅਤੇ ਬਚਾਅ ਸਬੰਧੀ ਲੈਕਚਰ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਪਸ਼ੂਆਂ ਤੋਂ ਇਨਸਾਨਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਇਹਨਾਂ ਤੋਂ ਬਚਾਅ ਅਤੇ ਇਲਾਜ ਸਬੰਧੀ ਵੀ ਸੂਚਨਾ ਮੁਹੱਈਆ ਕਰਵਾਈ ਜਾਂਦੀ ਹੈ। ਇਸ ਸਬੰਧ ਵਿੱਚ ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਹ ਲੈਕਚਰ ਦੇਣ ਦੇ ਸਮੇਂ ਕਈ ਵਾਰ ਸਕੂਲਾਂ ਦੇ ਆਪਣੇ ਰੁਝੇਵਿਆਂ ਕਾਰਨ ਲੈਕਚਰ ਦੇਣ ਵਾਲੇ ਅਧਿਕਾਰੀ ਨੂੰ ਢੁੱਕਵਾਂ ਸਮਾਂ ਨਹੀਂ ਦਿੱਤਾ ਜਾਂਦਾ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਸਬੰਧੀ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਪਹਿਲਾਂ ਹੀ ਰਾਜ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਲਾਟ ਸ਼ਾਮਲ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ, ਤਾਂ ਜੋ ਸਬੰਧਤ ਅਧਿਕਾਰੀ ਇਸ ਮਿੱਥੇ ਹੋਏ ਸਲਾਟ ਤੇ ਆਪਣਾ ਲੈਕਚਰ ਹੇਠ ਲਿਖਿਆਂ ਵਿਸ਼ਿਆਂ ਤੇ ਵਿਦਿਆਰਥੀਆਂ ਨੂੰ ਦੇ ਸਕਣ:-

1. ਪਸ਼ੂ ਪਾਲਣ ਕਿੱਤੇ ਨੂੰ ਸੁਚੱਜੇ ਢੰਗ ਨਾਲ ਆਰਥਿਕਤਾ ਸੁਧਾਰਨ ਲਈ ਵਰਤੋਂ ਵਿੱਚ ਲਿਆਉਣਾ।
2. ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਉਹਨਾਂ ਦੀ ਰੋਕਥਾਮ ਅਤੇ ਇਲਾਜ ਸਬੰਧੀ ਜਾਣਕਾਰੀ।
3. ਪਸ਼ੂਆ ਤੋਂ ਇਨਸਾਨਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਉਹਨਾਂ ਦੀ ਰੋਕਥਾਮ ਅਤੇ ਇਲਾਜ ਸਬੰਧੀ ਜਾਣਕਾਰੀ।
4. ਜਾਨਵਰਾਂ ਤੇ ਹੋਣ ਵਾਲੇ ਅੱਤਿਆਚਾਰ ਅਤੇ ਉਸਨੂੰ ਰੋਕਣ ਸਬੰਧੀ ਲੈਕਚਰ।
5. ਵਿਦਿਆਰਥੀਆਂ ਨੂੰ ਵੈਟਨਰੀ ਪ੍ਰੈਕਟਿਸਜ਼ ਨੂੰ ਪੇਸ਼ੇ ਦੇ ਤੌਰ ਤੇ ਅਪਣਾਉਣ ਲਈ ਉਤਸ਼ਾਹਿਤ ਕਰਨਾ।

ਇਸ ਸਬੰਧੀ ਸਲਾਟ ਜਾਰੀ ਕਰਦੇ ਹੋਏ ਇਸ ਦਫਤਰ ਨੂੰ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕੀਤੀ ਜਾਵੇ ਜੀ।

13/12/2024
ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।
17/12/2024

ਜ਼ਿ.ਸ/ਡੀ.ਪੀ.ਆਈ(ਸ)
ਡਾਇਰੀ ਨੰ:...1796
ਮਿਤੀ:..................



File No. DPISE-SEDU0MISC/56/2024-DPI-SE-SAS Nagar (Computer No. 817012)